National Research Journal of Social Sciences
Volume-11, Issue-1, January-June 2026
PP: 121-124
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਮਨੁੱਖਤਾ ਦੇ ਰਹਿਬਰ: ਗੁਰੂ ਤੇਗ ਬਹਾਦਰ ਜੀ

**ਅਮਨਪ੍ਰੀਤ ਗਿੱਲ**

ਸਹਾਇਕ ਪ੍ਰੋਫ਼ੈਸਰ
ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ

**ਸਾਰ ਤੱਤ–**

ਧਰਮ ਅਤੇ ਧਾਰਮਿਕ ਕਾਵਿ ਦਾ ਕੇਂਦਰ ਮਨੁੱਖੀ ਹੋਂਦ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਦੇ ਵਿਭਿੰਨ ਪਸਾਰ ਹੁੰਦੇ ਹਨ ਜਿਸ ਦੇ ਸਬੰਧ ਵਿੱਚ ਸਿੱਖ ਗੁਰੂ ਸਾਹਿਬਾਨਾਂ ਨੇ ਤਤਕਾਲੀਨ ਸਮਾਜ ਅਧੀਨ ਆ ਚੁੱਕੀ ਗਿਰਾਵਟ ਅਤੇ ਨੈਤਿਕ ਕਦਰਾਂ ਕੀਮਤਾਂ ਦੀ ਪੁਨਰ ਸਥਾਪਨਾ ਲਈ ਹਮੇਸ਼ਾ ਯਤਨ ਕੀਤਾ ਅਤੇ ਸਦਾਚਾਰਕ ਕਦਰਾਂ ਕੀਮਤਾਂ ਨੂੰ ਧਰਮ ਦਾ ਮੂਲ ਆਧਾਰ ਬਣਾਇਆ।ਇਸ ਮੰਤਵ ਲਈ ਸਮੁੱਚੀ ਬਾਣੀ ਮਨੁੱਖ ਨੂੰ ਸਚਿਆਰ ਬਣਨ ਦਾ ਮਾਰਗ ਦਿਖਾਉਂਦੀ ਹੈ। ਗੁਰੂ ਸਾਹਿਬਾਨਾਂ ਨੇ ਆਪਣੀ ਬਾਣੀ ਰਾਹੀਂ ਮਾਨਵ ਮੁਕਤੀ ਦਾ ਅਜਿਹਾ ਸੰਦੇਸ਼ ਦਿੱਤਾ ਜਿਸ ਨੂੰ ਮਨੁੱਖੀ ਹੋਂਦ ਦੀ ਵਡਮੁੱਲੀ ਪ੍ਰਾਪਤੀ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਆਦਰਸ਼ ਮਨੁੱਖ ਲਈ ਗੁਰੂ ਸਾਹਿਬਾਨਾਂ ਦੀ ਫ਼ਲਿਸਫ਼ੀ ਅਹਿਮ ਭੂਮਿਕਾ ਨਿਭਾਉਂਦੀ ਹੈ। ਗੁਰੂ ਨਾਨਕ ਦੇਵ ਜੀ ਦੀ ਨੌਵੀਂ ਜੋਤ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਸੰਘਰਸ਼ ਅਤੇ ਸ਼ਬਦ ਰਚਨਾ ਵਿਸ਼ੇਸ਼ ਅਰਥਾਂ ਦੀ ਧਾਰਨੀ ਹੈ ਅਤੇ ਮਨੁੱਖੀ ਜੀਵਨ ਲਈ ਜਿੰਦਗੀ ਦੀ ਵਸਤਵਿਕਤਾ ਨੂੰ ਸਪਸ਼ਟ ਕਰਦੀ ਹੈ। ਉਹਨਾਂ ਦੀ ਬਾਣੀ ਰਾਹੀਂ ਮਨੁੱਖ ਸੰਸਾਰਕ ਪਦਾਰਥੀ ਵਾਸਤਵਿਕਤਾ ਨੂੰ ਤਿਆਗ ਦੇ ਰੂਪ ਵਿੱਚ ਲੈ ਕੇ 'ਮਨ ਤੂੰ ਜੋਤ ਸਰੂਪ ਹੈ ਆਪਣਾ ਮੂਲ ਪਛਾਣ' ਤੱਕ ਦਾ ਸਫਰ ਤੈਅ ਕਰਦੀ ਹੈ।

**ਕੁੰਜੀ ਸ਼ਬਦ–** ਧਰਮ, ਮਾਨਵਤਾ, ਨੈਤਿਕਤਾ, ਮੁਕਤੀ, ਇਤਿਹਾਸ, ਆਜ਼ਾਦੀ।

ਵਿਸਥਾਰਿਤ ਵਿਸ਼ਾ

ਗੁਰੂ ਤੇਗ ਬਹਾਦਰ ਜੀ ਦੀ ਸ਼ਖ਼ਸੀਅਤ ਸਿੱਖ ਧਰਮ ਦੇ ਇਤਿਹਾਸ ਵਿੱਚ ਮਹੱਤਵਪੂਰਨ ਇਤਿਹਾਸਿਕ ਭੂਮਿਕਾ ਨਿਭਾਉਂਦੀ ਹੈ ਕਿਉਂਕਿ ਉਹਨਾਂ ਦੇ ਸਿਧਾਂਤਾਂ ਨੇ ਸਿੱਖ ਧਰਮ ਦੇ ਵਿਕਾਸ ਨੂੰ ਇੱਕ ਵੱਖਰੀ ਗਤੀ ਪ੍ਰਧਾਨ ਕੀਤੀ ਹੈ। ਗੁਰੂ ਤੇਗ ਬਹਾਦਰ ਜੀ ਕਲਮ ਅਤੇ ਕਰਮ ਦੇ ਧਨੀ ਸਨ ਉਹਨਾਂ ਦੇ ਇਸ ਮਹੱਤਵ ਬਾਰੇ ਡਾ.ਜੇ .ਐਸ .ਗਰੇਵਾਲ ਲਿਖਦੇ ਹਨ, "ਗੁਰੂ ਤੇਗ ਬਹਾਦਰ ਜੀ ਦੇ ਗੁਰੂਤੱਵ ਦੀ ਭਾਰੀ ਮਹੱਤਤਾ ਇਸ ਤੱਥ ਵਿੱਚ ਹੈ ਕਿ ਗੁੜ੍ਹ ਇਤਿਹਾਸਿਕ ਅਰਥਾਂ ਵਿੱਚ ਉਹਨਾਂ ਨੇ ਸਿੱਖ ਇਤਿਹਾਸ ਦੇ ਕੇਂਦਰੀ ਧੁਰੇ ਨੂੰ ਸੁਰਜੀਤ ਕੀਤਾ। ਉਹ ਆਪਣੇ ਪਿਤਾ ਅਤੇ ਆਪਣੇ ਪੁੱਤਰ ਵਿਚਕਾਰ ਨੈਤਿਕ ਅਤੇ ਇਤਿਹਾਸਿਕ ਕੜੀ ਬਣ ਗਏ। ਉਹਨਾਂ ਗੁਰੂ ਗੋਬਿੰਦ ਸਿੰਘ ਦੀ ਪ੍ਰਾਪਤੀ ਲਈ ਰਾਹ ਤਿਆਰ ਕੀਤਾ। ਸਿੱਖ ਪੰਥ ਨੂੰ ਨਵੀਂ ਏਕਤਾ ਦਿੱਤੀ ਤੇ ਇਸ ਨੂੰ ਯੋਗ ਬਣਾਇਆ ਕਿ ਇਹ ਵਕਤ ਦੀ ਹਕੂਮਤ ਵਿਰੁੱਧ ਜਮੀਰ ਦੀਆਂ ਮੰਗਾਂ ਦੀ ਰੱਖਿਆ ਕਰ ਸਕੇ। ਅਠਾਰ੍ਹਵੀਂ ਸਦੀ ਦੀ ਸਿੱਖਾਂ ਦੀ ਰਾਜਸੀ ਆਜ਼ਾਦੀ ਉਸ ਜਮੀਰ ਦੀ ਆਜ਼ਾਦੀ ਦਾ ਤਰਕ ਸੰਗਤ ਅਤੇ ਇਤਿਹਾਸਿਕ ਵਿਕਾਸ ਸੀ ਜਿਸ ਦੀ ਗੁਰੂ ਤੇਗ ਬਹਾਦਰ ਜੀ ਨੇ ਰੱਖਿਆ ਕੀਤੀ ਅਤੇ ਉਸਨੂੰ ਗੁਰੂ ਗੋਬਿੰਦ ਸਿੰਘ ਨੇ ਯਕੀਨੀ ਬਣਾਇਆ। "[1]

ਸ੍ਰੀ ਗੁਰੂ ਤੇਗ ਬਹਾਦਰ ਜੀ ਧਰਮ ਦੀ ਰਾਖੀ ਲਈ ਕੁਰਬਾਨੀ ਦੇਣ ਵਾਲੇ ਨਿਮਰਤਾ ਦੇ ਪੁੰਜ ਸਨ। ਆਪ ਜੀ ਮਨੁੱਖਤਾ ਪ੍ਰਤੀ ਆਪਣੇ ਕਰਤਵ ਦਾ ਪਾਲਣ ਕਰਦੇ ਹੋਏ ਲਾਸਾਨੀ ਸ਼ਹਾਦਤ ਪ੍ਰਾਪਤ ਕਰ ਗਏ ਸੰਸਾਰ ਦੇ ਇਤਿਹਾਸ ਵਿੱਚ ਆਪ ਦੀ ਕੁਰਬਾਨੀ ਬੇਮਿਸਾਲ ਹੈ ਵਿਸ਼ੇਸ਼ ਗੱਲ ਇਹ ਹੈ ਕਿ ਇਹ ਸ਼ਹਾਦਤ ਉਹਨਾਂ ਨੇ ਆਪਣੇ ਨਿੱਜ ਲਈ ਨਹੀਂ ਸਗੋਂ ਮਾਨਵਤਾ ਦੀ ਰਾਖੀ ਲਈ ਦਿੱਤੀ ਸੀ। ਆਪਣੀ ਇਸ ਲਾਸਾਨੀ ਕੁਰਬਾਨੀ ਅਤੇ ਆਪਣੀ ਕਲਮ ਦੇ ਜਰੀਏ ਉਹ ਮਨੁੱਖਤਾ ਦੇ ਰਹਿਬਰ ਬਣ ਜਾਂਦੇ ਹਨ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮਾਨਵਤਾ ਕੇਂਦਰ ਬਿੰਦੂ ਹੈ। ਅਤੇ ਇਹ ਮਨੁੱਖਤਾ ਸਿਰਫ ਉਪਭੋਗਤਾ ਲਈ ਨਹੀਂ ਬਣੀ ਸਗੋਂ ਇਹ ਅਨਮੋਲ ਜੀਵਨ ਦੀ ਲਿਖਾਇਕ ਹੈ। ਪਹਿਲੀ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤੱਕ ਸਾਰੇ ਗੁਰੂ ਸਾਹਿਬਾਨਾਂ ਨੇ ਲੋਕਾਂ ਦੀ ਭਲਾਈ ਅਤੇ ਉਦਾਰ ਕਰਨ ਲਈ ਸਾਹਿਤ ਨੂੰ ਅਪਣਾ ਕੇ ਮਨੁੱਖੀ ਜਗਤ ਨੂੰ ਅਧਿਆਤਮਕਤਾ ਨਾਲ ਜੋੜ ਕੇ ਉਹਨਾਂ ਲਈ ਨਵੇਂ ਅਤੇ ਸੱਚੇ ਸੁੱਚੇ ਰਾਹ ਨਿਸ਼ਚਿਤ ਕੀਤੇ। ਗੁਰੂ ਤੇਗ ਬਹਾਦਰ ਜੀ ਦੁਆਰਾ ਰਚੇ 57 ਸਲੋਕਾਂ ਅਤੇ 59 ਪਦਿਆਂ ਦੇ ਰੂਪ ਵਿੱਚ ਬਾਣੀ ਸਮੁੱਚੇ ਸਿੱਖ ਜਗਤ ਨੂੰ ਨਾਸ਼ਮਾਨਤਾ ਬ੍ਰਹਮ ਵੈਰਾਗ ਮਾਇਆ ਸਬੰਧੀ ਅਧਿਆਤਮਕ ਪੱਖ ਤੋਂ ਵਿਸਰਤ ਢੰਗ ਨਾਲ ਸਮਝਾਉਂਦੀ ਹੈ। ਗੁਰੂ ਤੇਗ ਬਹਾਦਰ ਜੀ ਉਸ ਮਨੁੱਖ ਨੂੰ ਹੀ ਆਦਰਸ਼ਕ ਮਨੁੱਖ ਮੰਨਦੇ ਹਨ ਜੋ ਜ਼ਿੰਦਗੀ ਦੀਆਂ ਔਖੀਆਂ ਸੌਖੀਆਂ ਪਰਿਸਥਿਤੀਆਂ ਵਿੱਚ ਨਿਰਲੇਪ ਰਹਿ ਕੇ ਵਿਚਰਦਾ ਹੋਇਆ ਉਸ ਅਕਾਲ ਪੁਰਖ ਦੀ ਹਜ਼ੂਰੀ ਵਿੱਚ ਰਹਿੰਦਾ ਹੈ। ਉਹਨਾਂ ਨੇ ਮੌਤ ਸਬੰਧੀ ਬੜੀ ਯਥਾਰਥਵਾਦੀ ਦ੍ਰਿਸ਼ਟੀ ਅਪਣਾਉਂਦੇ ਹੋਏ ਜ਼ਿੰਦਗੀ ਦੇ ਵਡੇਰੇ ਆਦਰਸ਼ਾਂ ਨਾਲ ਜੁੜ ਕੇ ਪਰਮਾਤਮਾ ਦੀ ਭਗਤੀ ਕਰਨ ਤੇ ਜ਼ੋਰ ਦਿੱਤਾ। ਗੁਰੂ ਤੇਗ ਬਹਾਦਰ ਜੀ ਦੁਆਰਾ ਰਚੀ ਹੋਈ ਬਾਣੀ ਸਿਰਫ ਅਧਿਆਤਮਕਤਾ ਤੱਕ ਹੀ ਸੀਮਤ ਨਹੀਂ ਸਗੋਂ ਉਹਨਾਂ ਦੀ ਬਾਣੀ ਵਿੱਚ ਦੁਨਿਆਵੀ ਖੇਤਰ ਨਾਲ ਸੰਬੰਧਿਤ ਵਿਸ਼ਿਆਂ ਪ੍ਰਤੀ ਵੀ ਚੇਤਨਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮਨੁੱਖ ਕੇਂਦਰ ਬਿੰਦੂ ਹੈ ਉਨਾਂ ਅਨੁਸਾਰ ਮਨੁੱਖ ਅਨਮੋਲ ਜੀਵਨ ਦਾ ਲਿਖਾਇਕ ਹੈ ਇਹ ਸਿਰਫ ਉਪਭੋਗਤਾ ਲਈ ਨਹੀਂ ਬਣਿਆ ਸਗੋਂ ਮਨੁੱਖੀ ਜੀਵਨ ਦੇ ਸਦਗੁਣਾਂ ਦੀ ਤਲਾਸ਼ ਅਤੇ ਆਦਰਸ਼ ਸਮਾਜ ਬਣਾਉਣਾ ਇਸ ਦਾ ਮੁੱਖ ਕੇਂਦਰ


© Copyright @ Authors

ਬਿੰਦੂ ਹੈ। ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿੱਚ ਅਜਿਹੇ ਮਾਪਦੰਡਾਂ ਨੂੰ ਸਪਸ਼ਟ ਕਰਦੇ ਹਨ ਜਿਨਾਂ ਨੂੰ ਅਪਣਾ ਕੇ ਮਨੁੱਖੀ ਜੀਵਨ ਸਾਰਥਕ ਹੋ ਨਿਬੜਦਾ ਹੈ।

ਜਗਤ ਮਹਿ ਝੂਠੀ ਦੇਖੀ ਪ੍ਰੀਤਿ

ਆਪਨੇ ਹੀ ਸੁਖ ਸਿਉ ਸਭ ਲਾਗੇ

ਕਿਆ ਦਾਰਾ ਕਿਆ ਮੀਤ॥ ੧॥ ਰਹਾਉ॥

ਮੇਰਉ ਮੇਰਉ ਸਭੇ ਕਹਿਤ ਹੈ

ਹਿਤ ਸਿਉ ਬਾਧਿਓ ਚੀਤ।

ਅੰਤਿ ਕਾਲਿ ਸੰਗੀ ਨਹ ਕੋਊ

ਇਹ ਅਚਰਜ ਹੈ ਰੀਤਿ॥੧॥

ਮਨ ਮੂਰਖ ਅਜਹੂ ਨਹ ਸਮਝਤ

ਸਿਖ ਦੈ ਹਾਰਿਓ ਨੀਤ।।

ਨਾਨਕ ਭਉਜਲੁ ਪਾਰਿ ਪਰੈ

ਜਉ ਗਾਵੈ ਪ੍ਰਭ ਕੇ ਗੀਤ।।[2]

ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਦੇ ਗੁਣ ਆਪਣੇ ਅੰਦਰ ਹਾਸਿਲ ਕਰਨ ਦਾ ਤਰੀਕਾ ਮਨ ਦੀ ਇਕਾਗਰਤਾ ਹੈ ਪਰਮਾਤਮਾ ਦਾ ਨਾਮ ਜਪ ਜਪ ਕੇ ਪਿਛਲੇ ਕੋਟ ਜਨਮਾਂ ਤੋਂ ਮੈਲੇ ਹੋ ਚੁੱਕੇ ਮਨ ਨੂੰ ਕਾਮ ਲੋਭ ਕ੍ਰੋਧ ਵਰਗੀਆਂ ਪ੍ਰਵਿਰਤੀਆਂ ਜਿਹੜੀਆਂ ਸਾਡੇ ਮਾਨਸਿਕ ਅਤੇ ਸਰੀਰਕ ਪੱਖ ਵਿੱਚ ਸ਼ਾਮਿਲ ਹੋ ਚੁੱਕੀਆਂ ਹਨ ਉਸ ਨੂੰ ਧੋਣਾ ਹੈ। ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿੱਚ ਗੁਰੂ ਸਾਹਿਬ ਦੇ ਸਲੋਕਾਂ ਵਿੱਚ ਲਿਖਿਆ ਹੈ

ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਿਤ ਭਗਵਾਨ ॥

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥[3]

ਪਰਮਾਤਮਾ ਨੂੰ ਯਾਦ ਕਰਨ ਲਈ ਅਤੇ ਮਨ ਨੂੰ ਚੇਤੰਨ ਕਰਨ ਲਈ ਗੁਰੂ ਜੀ ਨੇ ਬਾਣੀ ਵਿੱਚ ਵੀ ਅਤੇ ਮਨੁੱਖਾ ਜੀਵਨ ਵਿੱਚ ਵੀ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਸ ਮਨੁੱਖਾ ਜਨਮ ਨੂੰ ਪਦਾਰਥਕ ਦੌੜਾਂ ਪਿੱਛੇ, ਪੈਸੇ ਪਿੱਛੇ ਬਰਬਾਦ ਕਰ ਦੇਣਾ ਸਹੀ ਨਹੀਂ ਹੈ ਕਿਉਂਕਿ

ਜਗ ਰਚਨਾ ਸਭ ਝੂਠ ਹੈ

ਜਾਨਿ ਲੇਹੁ ਰੇ ਮੀਤ ॥

ਕਹਿ ਨਾਨਕ ਥਿਰੁ ਨਾ ਰਹੈ

ਜਿਉ ਬਾਲੂ ਕੀ ਭੀਤਿ ॥[4]

ਗੁਰੂ ਜੀ ਕਹਿੰਦੇ ਹਨ ਕਿ ਪ੍ਰਮਾਤਮਾ ਜਰ੍ਰੇ ਜਰ੍ਰੇ ਵਿੱਚ ਹੈ, ਉਹ ਹਰ ਜਗ੍ਹਾ ਤੇ ਮੌਜੂਦ ਹੈ। ਪ੍ਰਮਾਤਮਾ ਸਾਡੇ ਅੰਦਰ ਇਸ ਤਰ੍ਹਾਂ ਵਸਿਆ ਹੈ ਜਿਵੇਂ ਫੁੱਲਾਂ ਵਿੱਚ ਖੁਸ਼ਬੂ ਸਮਾਈ ਹੁੰਦੀ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰ ਹੀ ਖੋਜਿਆ ਜਾ ਸਕਦਾ ਹੈ ਜੇਕਰ ਅਹਿਸਾਸ ਹੁੰਦਾ ਹੈ ਕਿਉਂਕਿ ਸਵੈ- ਪੜਚੋਲ ਤੋਂ ਬਿਨ੍ਹਾਂ ਅਸੀਂ ਆਪਣੇ ਜੀਵਨ ਲਈ, ਸਮਾਜ ਲਈ ਜਾਂ ਵਿਸ਼ਵ ਚੇਤੰਨਤਾ ਲਈ ਕੁਝ ਨਹੀਂ ਕਰ ਸਕਦੇ, ਜੇ ਸਾਨੂੰ ਲਗਦਾ ਹੈ ਕਿ ਅਸੀਂ ਇਕ ਕਾਮਯਾਬ ਇਨਸਾਨ ਬਣਨਾ ਹੈ ਤਾਂ ਗੁਰੂ ਸਾਹਿਬ ਵੱਲੋਂ ਦਿੱਤੀ ਪਰਿਭਾਸ਼ਾ ਨੂੰ ਸਮਝਣਾ ਜ਼ਰੂਰੀ ਹੈ ਇਸ ਵਿੱਚ ਦੱਸਿਆ ਗਿਆ ਕਿ ਕਿਹੜਾ ਇਨਸਾਨ ਸਫਲ ਹੈ ਉਹਨਾਂ ਅਨੁਸਾਰ,

ਜੋ ਨਰੁ ਦੁਖ ਮਹਿ ਦੁਖ ਨਹੀ ਮਾਨੈ ॥

ਸੁਖ ਸਨੇਹੁ ਅਰੁ ਭੈ ਨਹੀਂ ਜਾ ਕੈ ਕੰਚਨ ਮਾਟੀ ਮਾਨੈ ॥ ਰਹਾਉ ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥

ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥

ਕਾਮੁ ਕ੍ਰੋਧੁ ਜਿਹ ਪਰਸੈ ਨਾਹਿਨ ਤਿਹ ਘਟਿ ਬ੍ਰਹਮੁ ਨਿਵਾਸਾ॥

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥


© Copyright @ Authors

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ। ।[5]

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਜੀਵਨ ਦਾ ਉਪਦੇਸ਼ ਨਿਰਭਉ ਰਹਿਣ ਦਾ ਹੈ ,ਗੁਰੂ ਜੀ ਲਿਖਦੇ ਹਨ:-

ਭੈ ਕਾਹੂ ਕਉ ਦੇਤ ਨਹਿ

ਨਹਿ ਭੈ ਮਾਨਤ ਆਨ॥

ਕਹੁ ਨਾਨਕ ਸੁਨਿ ਰੇ ਮਨਾ

ਗਿਆਨੀ ਤਾਹਿ ਬਖਾਨਿ।[6]

ਭਾਵ ਜਿਹੜਾ ਮਨੁੱਖ ਕਿਸੇ ਨੂੰ ਕੋਈ ਡਰਾਵੇ ਨਹੀਂ ਦਿੰਦਾ ਅਤੇ ਕਿਸੇ ਦੇ ਡਰਾਵੇ ਨਹੀ ਮੰਨਦਾ, ਉਸ ਨੂੰ ਆਤਮਕ ਜੀਵਨ ਦੀ ਸੂਝ ਆ ਜਾਂਦੀ ਹੈ।ਉਹਨਾਂ ਅਨੁਸਾਰ ਮਨੁੱਖ ਜੀਵਨ ਦਾ ਅੰਤਿਮ ਪੜਾਅ ਨਿਰਭਉ ਪਦ ਪ੍ਰਾਪਤ ਕਰਨਾ ਹੈ। ਨਿਰਭਉ ਨਿਰਵੈਰ ਸਿਰਫ ਪ੍ਰਮਾਤਮਾ ਹੀ ਹੈ। ਜੇਕਰ ਅਸੀਂ ਆਪਣੇ ਜੀਵਨ ਵਿੱਚ ਇਸ ਤਰ੍ਹਾਂ ਵਿਚਰਣਾ ਹੈ ਤਾਂ ਸਾਨੂੰ ਨਿਰਭਉ ਅਤੇ ਨਿਰਵੈਰ ਹੁੰਦੇ ਹੋਏ ਆਪਣੀ ਜੋਤ ਨੂੰ ਪਰਮ ਜੋਤ ਵਿੱਚ ਮਿਲਾਉਣ ਵਿੱਚ ਕਾਮਯਾਬ ਹੋਣ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿੱਚ ਇਸ ਮਨ ਨੂੰ ਸੋਧਣ ਦਾ ਤਰੀਕਾ ਬਾਰ-ਬਾਰ ਦੱਸਦੇ ਹਨ। ਗੁਰੂ ਜੀ ਦੇ 59ਸ਼ਬਦ, 57 ਸ਼ਲੋਕ ਅਤੇ 15 ਰਾਗਾਂ ਵਿੱਚ ਮਨ ਦੀ ਅਵਸਥਾ ਬਾਰੇ ਹੀ ਜ਼ਿਕਰ ਕੀਤਾ ਹੈ। ਇਸ ਲਈ ਗੁਰੂ ਜੀ ਦੀ ਬਾਣੀ ਮਨ ਨੂੰ ਬਾਰ-ਬਾਰ ਸੁਣਾਈਏ, ਤਾਂ ਮਨਮੁੱਖ ਤੋਂ ਗੁਰਮੁੱਖ ਅਤੇ ਗੁਰਮੁੱਖ ਤੋਂ ਪਰਮਾਤਮਾ ਵਿੱਚ ਵਲੀਨ ਹੋਣਾ ਆ ਜਾਵੇਗਾ। ਇਸ ਗੱਲ ਦੀ ਸੋਝੀ ਆ ਜਾਵੇਗੀ ਕਿ ਦੁਬਾਰਾ ਮਨੁੱਖਾ ਜਨਮ ਨਹੀਂ ਹੋਵੇਗਾ, ਮੁਕਤੀ ਮਿਲ ਜਾਵੇਗੀ।

ਮਨ ਰੇ ਕਹਾ ਭਇਓ ਤੈ ਬਉਰਾ ॥

ਮਨ ਰੇ ਕਉਨ ਕੁਮਤਿ ਤੈ ਲੀਨੀ ॥[7]

ਪਰ ਮਨੁੱਖੀ ਮਨ ਅਜਿਹੀ ਡਾਂਵਾਡੋਲ ਸਥਿਤੀ ਵਿੱਚ ਰਹਿੰਦਾ ਹੈ ਕਿ ਸਾਡੇ ਵੱਸ ਵਿੱਚ ਨਹੀਂ ਆਉਂਦਾ ਗੁਰੂ ਸਾਹਿਬ ਕਹਿੰਦੇ ਹਨ:

ਮਾਈ ਮਨ ਮੇਰੋ ਬਸਿ ਨਾਹਿ। ।[8]

ਗੁਰੂ ਸਾਹਿਬ ਦਾ ਜੀਵਨ ਬਿਰਤਾਂਤ ਲਾਸਾਨੀ ਸ਼ਹਾਦਤ ਅਤੇ ਬਾਣੀ ਮਨੁੱਖਤਾ ਨੂੰ ਇਹ ਸੰਦੇਸ਼ ਦਿੰਦੀ ਹੈ ਕਿ ਪਰਮਾਤਮਾ ਦਾ ਨਾਮ ਜਪ ਕੇ ਮਨ ਨੂੰ ਸੰਸਾਰ ਦੇ ਝਮੇਲਿਆਂ ਤੋਂ ਨਿਰਲੇਪ ਕੀਤਾ ਜਾ ਸਕਦਾ ਹੈ। ਗੁਰੂ ਜੀ ਦੇ ਸ਼ਬਦਾਂ ਤੋਂ ਇਹ ਉਪਦੇਸ਼ ਮਿਲਦਾ ਹੈ ਕਿ ਜੀਵਨ ਨੂੰ ਕਿਸ ਤਰ੍ਹਾਂ ਜਿਉਣਾ ਹੈ ਅਤੇ ਨਾਮ ਜਪਣ ਦਾ ਆਸਰਾ ਲੈ ਕੇ ਮਨੁੱਖੀ ਮਨ ਨੂੰ ਆਤਮਿਕ ਬਲ ਦੀ ਅਵਸਥਾ ਵਿੱਚ ਲਿਜਾਇਆ ਜਾ ਸਕਦਾ ਹੈ। ਗੁਰੂ ਜੀ ਨੇ ਆਪਣੀ ਮਾਨਵੀ ਦ੍ਰਿਸ਼ਟੀ ਪੇਸ਼ ਕਰਕੇ ਇਸ ਜੀਵਨ ਦੀ ਸਾਰਥਕਤਾ ਨੂੰ ਉਘਾੜਦੇ ਹੋਏ ਮਨੁੱਖ ਨੂੰ ਸਮਝਾਇਆ ਹੈ ਕਿ ਮਨੁੱਖ ਮੁਕਤੀ ਦੇ ਸੰਕਲਪ ਨੂੰ ਸਮਝ ਕੇ ਇਸ ਜਨਮ ਨੂੰ ਵਿਅਰਥ ਨਾ ਜਾਣ ਦੀ ਜਗਿਆਸਾ ਨੂੰ ਆਪਣੇ ਮਨ ਅੰਦਰ ਉਤਪੰਨ ਕਰ ਸਕਦਾ ਹੈ। ਗੁਰੂ ਜੀ ਨੇ ਮਨੁੱਖੀ ਦੇਹ ਨੂੰ ਉੱਤਮ ਦੱਸ ਕੇ ਇਸ ਦੇ ਕਰਮਾਂ ਨੂੰ ਮਾਇਆ ਦੇ ਮੋਹ ਤੋਂ ਦੂਰ ਕਰਨ ਦਾ ਗੁਣ ਸਮਝਾਇਆ ਹੈ।

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥

ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ । ।[9]

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਦੀਰਘ ਦ੍ਰਿਸ਼ਟੀ ਤੇ ਵਿਸ਼ਾਲ ਅਨੁਭਵ ਦੇ ਆਧਾਰ ਤੇ ਮਨੁੱਖੀ ਜੀਵਨ ਨੂੰ ਸਮਝਿਆ ਤੇ ਸਹੀ ਦਿਸ਼ਾ-ਨਿਰਦੇਸ਼ ਪ੍ਰਦਾਨ ਕੀਤਾ। ਮਨੁੱਖੀ ਜੀਵਨ ਦਾ ਸ਼ਾਇਦ ਹੀ ਕੋਈ ਅਜਿਹਾ ਪੱਖ ਹੋਵੇ ਜਿਸਦੇ ਉਤੇ ਗਿਆਨ ਦੀ ਰੋਸ਼ਨੀ ਤੇ ਚਰਚਾ ਉਨਾਂ ਦੁਆਰਾ ਆਪਣੀ ਬਾਣੀ ਵਿਚ ਨਾ ਕੀਤੀ ਗਈ ਹੋਵੇ। ਗੁਰੂ ਸਾਹਿਬਾਨ ਨੇ ਪਹਿਲਾਂ ਇਨ੍ਹਾਂ ਮੁੱਲ-ਪ੍ਰਬੰਧਾਂ ਨੂੰ ਆਪਣੇ ਜੀਵਨ ਵਿਚ ਪਰੀ ਤਰ੍ਹਾਂ ਆਤਮਸਾਤ ਕੀਤਾ ਤੇ ਫਿਰ ਸਮੁੱਚੀ ਲੋਕਾਈ ਨੂੰ ਜੀਵਨ ਵਿਚ ਅਪਣਾਉਣ ਦੀ ਸੇਧ ਤੇ ਪ੍ਰੇਰਣਾ ਦਿੱਤੀ। ਉਨ੍ਹਾਂ ਦੁਆਰਾ ਬਖਸ਼ੀ ਗਈ ਅਗਵਾਈ ਦਾ ਇਹ ਰੂਪ ਕੇਵਲ ਸਮਾਜਿਕ ਚੇਤੰਨਤਾ ਵਾਲਾ ਹੀ ਨਹੀਂ ਬਲਕਿ ਵਿਹਾਰਕ ਅਧਿਆਤਮਕ ਦਾ ਸੀ। ਇਸੇ ਲਈ ਉਨ੍ਹਾਂ ਦੁਆਰਾ ਸਿਰਜਿਆ ਬਾਣੀ ਚਿੰਤਨ ਸਿੱਖ ਮੁੱਲ-ਪ੍ਰਬੰਧ ਦਾ ਇੱਕ ਬਹੁਮੁੱਲਾ ਖਜਾਨਾ ਮੰਨਿਆ ਜਾਂਦਾ ਹੈ । ਬਾਣੀ ਵਿਚ ਪੇਸ਼ ਹੋਇਆ ਪ੍ਰਵਚਨ ਭਾਵੇਂ ਕਾਵਿਮਈ ਰੂਪ ਵਿਚ ਹੈ ਪਰ ਇਹ ਜੀਵਨ ਦੇ ਨਿੱਘਰ ਮੂਲਾਂ ਦੇ ਸੁਹਜਮਈ ਬਿੰਬਾਤਮਕ ਰੂਪ ਨੂੰ ਪ੍ਰਗਟਾਉਂਦਾ ਹੈ।ਗੁਰੂ ਜੀ ਨੇ ਹਰ ਤਰ੍ਹਾਂ ਦੇ ਰਿਸ਼ਤੇ-ਨਾਤੇ ਅਤੇ ਧਨ ਦੌਲਤ ਦੀ ਅਸਲੀਅਤ ਦਰਸਾਉਂਦਿਆ ਇਹਨਾਂ ਤੋਂ ਕਿਨਾਰਾ ਕਰਨ ਲਈ ਨਹੀਂ ਆਖਿਆ ਸਗੋਂ ਇਨ੍ਹਾਂ ਦਰਮਿਆਨ ਵਿਚਰਦਿਆਂ ਹੋਇਆ ਹਿਰਦੇ ਵਿੱਚ ਵਸਦੇ ਪਰਮਾਤਮਾ ਦੀ ਪਛਾਣ ਕਰਨ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਹੈ। ਮਨੁੱਖ ਜੀਵਨ ਚੰਗੇ ਭਾਗ ਨਾਲ ਪ੍ਰਾਪਤ ਹੁੰਦਾ ਹੈ। ਇਸ ਜੀਵਨ ਦੌਰਾਨ ਪਰਮਾਤਮਾ ਨਾਲ ਸਾਂਝ ਪਾ ਪਰਲੋਕ ਨੂੰ ਵੀ ਸੁਧਾਰਿਆ ਜਾ ਸਕਦਾ ਹੈ:

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥ ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥[10]

ਗੁਰੂ ਜੀ ਦੀ ਸਮੁੱਚੀ ਬਾਣੀ ਵਿੱਚੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਬਾਣੀ ਮਨੁੱਖ ਦੇ ਦੁੱਖਾਂ, ਕਲੇਸ਼ਾ ਅਤੇ ਬੰਧਨਾਂ ਦਾ ਨਾਸ਼ ਕਰਦੀ ਹੈ। ਜਦੋਂ ਮਨੁੱਖ ਗੁਰੂਆ ਦੇ ਦੱਸੇ ਰਸਤੇ ਤੇ ਨਹੀਂ ਚੱਲਦਾ ਤਾਂ ਉਹ ਉਸਤਤ, ਨਿੰਦਿਆ ਅਤੇ ਹੋਰ ਵਿਕਾਰਾਂ ਵਿਚੋਂ ਫਸ ਜਾਂਦਾ ਹੈ । ਜਦੋਂ ਉਹ ਦੂਜਿਆਂ ਦੀ ਪ੍ਰਸ਼ੰਸਾ ਕਰਦਾ ' ਤਾਂ ਦੂਸਰਿਆਂ ਨੂੰ ਖੁਸ਼ ਕਰ ਰਿਹਾ ਹੁੰਦਾ ਹੈ। ਜਦੋਂ ਕਿਸੇ ਤੋਂ ਆਪਣੀ ਪ੍ਰਸ਼ੰਸਾ ਸੁਣਦਾ ਹੈ ਤਾਂ ਅੰਦਰੋ ਅੰਦਰ ਖੁਸ਼ ਹੋ ਰਿਹਾ ਹੁੰਦਾ ਹੈ । ਪਰ ਇਹ ਦੋਵੇਂ ਸਥਿਤੀ ਉਸਦੇ ਆਤਮਿਕ ਵਿਕਾਸ ਵਿੱਚ ਰੁਕਾਵਟ ਬਣਦੀਆਂ ਹਨ। ਗੁਰੂ ਜੀ ਅਜਿਹੀ ਸਥਿਤੀ ਤੋਂ ਬਚਣ ਲਈ ਪ੍ਰੇਰਿਤ ਕੀਤਾ ਹੈ,


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤ ਤਾਹਿ ਤੈ ਜਾਨਿ ॥[11]

ਮੌਤ ਇੱਕ ਅਟੱਲ ਸਚਾਈ ਹੈ। ਜੋ ਇਸ ਸੰਸਾਰ ਵਿੱਚ ਪੈਦਾ ਹੋਇਆ ਹੈ ਉਸਦਾ ਨਾਸ਼ ਨਿਸ਼ਚਿਤ ਹੈ । ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਵਿੱਚ ਜੀਵ ਨੂੰ ਉਸ ਦੀ ਮੌਤ ਸਬੰਧੀ ਚੇਤਾ ਕਰਕੇ ਸੰਸਾਰ ਦੀ ਅਸਥਿਰਤਾ ਬਾਰੇ ਦਰਸਾਇਆ ਗਿਆ ਹੈ। ਸੰਸਾਰ ਵਿੱਚ ਜੋ ਕੁਝ ਨਜ਼ਰ ਆਉਂਦਾ ਹੈ ਸਭ ਝੂਠ ਹੈ, ਸੁਪਨੇ ਸਮਾਨ ਜਿਵੇਂ ਨੀਂਦ ਵਿੱਚ ਆਇਆ ਸੁਪਨਾ ਜਾਗ ਆਉਣ ਤੇ ਝੂਠ ਨਜ਼ਰ ਆਉਂਦਾ ਹੈ, ਉਸੇ ਤਰਾਂ ਇਹ ਸੰਸਾਰ ਪਾਣੀ ਦੇ ਬਲਬਲੇ ਦੇ ਸਮਾਨ ਹੈ ਜੋ ਇਕ ਪਲ ਵਿੱਚ ਪ੍ਰਗਟ ਹੁੰਦਾ ਹੈ ਅਤੇ ਦੂਜੇ ਪਲ ਨਸ਼ਟ ਹੋ ਜਾਂਦਾ ਹੈ:

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ।।[12]

ਜਦੋਂ ਮਨੁੱਖ ਨੂੰ ਇਹ ਸਮਝ ਆ ਜਾਵੇਗੀ ਇਸ ਸੰਸਾਰ ਉੱਤੇ ਕਿਸੇ ਨੇ ਵੀ ਹਮੇਸ਼ਾ ਲਈ ਨਹੀਂ ਰਹਿਣਾ ਤਾਂ ਉਸ ਅੰਦਰੋਂ ਲਾਲਚ ਅਤੇ ਹੰਕਾਰ ਦਾ ਖਾਤਮਾ ਹੋਵੇਗਾ। ਉਹ ਸਰੀਰ ਦੀ ਨਾਸ਼ਮਾਨਤਾ ਨੂੰ ਯਾਦ ਕਰਦਿਆਂ ਉਹ ਪਰਮਾਤਮਾ ਨਾਲ ਇੱਕਮਿਕਤਾ ਲਈ ਜਤਨ ਅਰੰਭੇਗਾ। ਨਾਮ ਨਾਲ ਜੁੜ ਕੇ ਵਿਸ਼ੇ ਵਿਕਾਰਾਂ ਤੋਂ ਦੂਰੀ ਬਣਾ ਸਕੇਗਾ । ਕਿਉਂਕਿ ਜਦੋਂ ਤੱਕ ਸੰਸਾਰਕ ਬਿਰਤੀਆਂ ਉਸਦੇ ਦਿਮਾਗ ਤੇ ਭਾਰੂ ਰਹਿੰਦੀਆਂ ਹਨ ਉਹ ਪ੍ਰਭੂ ਭਗਤੀ ਤੋਂ ਦੂਰ ਰਹਿੰਦਾ ਹੈ । ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਲੋਕਾਂ ਅੰਦਰ ਸੰਸਾਰ ਪ੍ਰਤੀ ਮਨੁੱਖ ਦੀ ਉਪਰਾਮਤਾ ਲਈ ਸਾਧਨ ਪੇਸ਼ ਕਰਕੇ ਉਸਨੂੰ ਪਰਮਾਤਮਾ ਨਾਲ ਜੁੜਨ ਲਈ ਪ੍ਰੇਰਿਆ ਹੈ।

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜ ਕੈ ਕਾਲਿ ॥

ਨਾਨਕ ਹਰ ਗੁਨ ਗਾਇ ਲੇ ਛਾਡਿ ਸਗਲ ਜੰਜਾਲ ।।[13]

ਗੁਰੂ ਨਾਨਕ ਦੇਵ ਜੀ ਦੀ 9ਵੀਂ ਜੋਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦਾ ਵਰਣਨ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਬਚਿੱਤਰ ਨਾਟਕ ਵਿੱਚ ਉਹਨਾਂ ਦਾ ਜ਼ਿਕਰ ਕਰਦੇ ਹੋਏ ਦੱਸਦੇ ਹਨ ਕਿ ਕਿਸ ਤਰ੍ਹਾਂ ਗੁਰ ਤੇਗ ਬਹਾਦਰ ਜੀ ਪਰਮਾਤਮਾ ਵਿੱਚ ਵਲੀਨ ਹੋ ਗਏ। ਉਹ ਦੱਸਦੇ ਹਨ ਕਿ 350 ਸਾਲ ਪਹਿਲਾਂ ਇਸ ਲਾਮਿਸਾਲ ਸ਼ਹਾਦਤ ਨੇ ਜਗਤ ਨੂੰ ਐਸਾ ਹਲੂਣਾ ਦੇ ਦਿੱਤਾ ਕਿ ਮਨੁੱਖ ਨੂੰ ਸਮਝ ਆ ਗਈ ਕਿ ਕਿਸ ਤਰ੍ਹਾਂ ਜਬਰ ਦਾ ਸਾਹਮਣਾ ਸਬਰ ਨਾਲ ਕੀਤਾ ਜਾ ਸਕਦਾ ਹੈ।ਜੀਉਣ ਲਈ ਪ੍ਰੇਰਿਤ ਕਰਦੀ ਹੈ।ਡਾ.ਰਤਨ ਸਿੰਘ ਜੱਗੀ ਦੇ ਅਨੁਸਾਰ,"ਗੁਰੂ ਸਾਹਿਬ ਦੇ ਸ਼ਲੋਕਾਂ ਦਾ ਮੂਲ ਪ੍ਰਤਿਪਾਦਿਤ ਵਿਸ਼ਾ ਹੈ ਮਨੁੱਖ ਨੂੰ ਸੰਸਾਰਿਕਤਾ ਤੋਂ ਹਟਾ ਕੇ ਹਰਿ ਭਗਤੀ ਵੱਲ ਲੀਨ ਕਰਨਾ / ਹਰਿ ਭਗਤੀ ਵਾਸਤਵ ਵਿਚ ਸਿੱਖ ਪੰਥਕ ਮਰਯਾਦਾ ਤੇ ਵੱਖ-ਵੱਖ ਢੰਗਾਂ ਨਾਲ ਪ੍ਰਕਾਸ਼ ਪਾਉਂਦੀ ਹੈ। ਇਹ ਭਗਤੀ ਨ ਕਰਮਕਾਂਡ ਪ੍ਰਧਾਨ ਹੈ, ਨਾ ਵੈਦੀ ਹੈ ਅਤੇ ਨਾ ਹੀ ਸ਼ਾਸਤ੍ਰੀ ਪਰੰਪਰਾ ਵਾਲੀ ਹੈ। ਇਹ ਪ੍ਰੇਮ ਆਧਾਰਿਤ ਨਿਸ਼ਕਾਮ ਭਾਉ ਭਗਤੀ ਹੈ, ਜਿਸਨੂੰ ਸਹਿਜ ਭਗਤੀ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ।[14]

**ਹਵਾਲੇ ਟਿੱਪਣੀਆਂ**

1. ਡਾ.ਜੇ.ਐਸ.ਗਰੇਵਾਲ, ਗੁਰੂ ਤੇਗ ਬਹਾਦਰ: ਭਰੋਸੇ ਦਾ ਪੈਗੰਬਰ, ਗੁਰੂ ਤੇਗ ਬਹਾਦਰ:ਚਿੰਤਨ ,ਕਲਾ ਤੇ ਬਾਣੀ (ਸੰਪ: ਦੀਵਾਨ ਸਿੰਘ ਤੇ ਸਤਿੰਦਰ ਸਿੰਘ),ਪੰਨਾ ਨੰ-14-15
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ਨੰ.536
3. ਉਹੀ,ਪੰਨਾ ਨੰ-1427
4. ਉਹੀ,ਪੰਨਾ ਨੰ-1429
5. ਉਹੀ,ਪੰਨਾ ਨੰ-633
6. ਉਹੀ,ਪੰਨਾ ਨੰ-1427
7. ਉਹੀ,ਪੰਨਾ ਨੰ-631
8. ਉਹੀ,ਪੰਨਾ ਨੰ-632
9. ਉਹੀ,ਪੰਨਾ ਨੰ-1427
10. ਉਹੀ,ਪੰਨਾ ਨੰ-631
11. ਉਹੀ,ਪੰਨਾ ਨੰ-1426-27
12. ਉਹੀ,ਪੰਨਾ ਨੰ-1427
13. ਉਹੀ,ਪੰਨਾ ਨੰ-1429
14. ਡਾ. ਸੁਰਿੰਦਰ ਸਿੰਘ ਕੋਹਲੀ (ਸੰਪ.), ਗੁਰੂ ਤੇਗ ਬਹਾਦਰ ਜੀਵਨ:ਸਮਾਂ ਅਤੇ ਰਚਨਾ, ਪੰਨਾ ਨੰ-100


© Copyright @ Authors